City of Mississauga
300 City Centre Drive
Mississauga, ON L5B 3C1





# ਕੀ ਤੁਸੀਂ ਕੋਈ ਦਰੱਖਤ ਹਟਾਉਣ ਬਾਰੇ ਸੋਚ ਰਹੇ ਹੋ? ਕੱਟਣ ਤੋਂ ਪਹਿਲਾਂ ਜਾਂਚ ਕਰੋ

ਸ਼ੁਰੂ ਕਰਨ ਤੋਂ ਪਹਿਲਾਂ, ਸ਼ਹਿਰ ਤੋਂ ਪੁੱਛੋ ਕਿ ਕੀ ਦਰੱਖਤ ਕੱਟਣ ਲਈ ਪਰਮਿਟ ਲੋੜੀਂਦਾ ਹੈ।

18 ਅਗਸਤ, 2026

ਕੀ ਤੁਸੀਂ ਆਪਣੇ ਬੈਕਯਾਰਡ ਵਿੱਚ ਕਿਸੇ ਪ੍ਰੋਜੈਕਟ ਦੀ ਯੋਜਨਾ ਬਣਾ ਰਹੇ ਹੋ? ਪੂਲ ਲਗਾਉਣਾ ਹੈ, ਡੈੱਕ ਬਣਾਉਣਾ ਹੈ ਜਾਂ ਰਾਹ ਵਿੱਚ ਆਉਣ ਵਾਲੇ ਦਰੱਖਤ ਨੂੰ ਹਟਾਉਣਾ ਹੈ?

ਸ਼ੁਰੂ ਕਰਨ ਤੋਂ ਪਹਿਲਾਂ, ਜਾਂਚ ਕਰੋ ਕਿ ਕੀ ਤੁਹਾਨੂੰ ਟ੍ਰੀ ਪਰਮਿਟ (tree permit) ਲੋੜ ਹੈ।

ਪ੍ਰਾਈਵੇਟ ਅਤੇ ਪਬਲਿਕ ਦੋਵਾਂ ਪ੍ਰਾਪਰਟੀਜ਼ 'ਤੇ ਮੌਜੂਦ ਦਰੱਖਤ, ਸ਼ਹਿਰ ਦੇ ਦਰੱਖਤ ਸੁਰੱਖਿਆ ਬਾਇ-ਲਾਅਜ਼ ਦੇ ਹੇਠ ਸੁਰੱਖਿਅਤ ਹਨ। 2022 ਵਿੱਚ ਅੱਪਡੇਟ ਕੀਤੇ ਗਏ (Updated in 2022), ਇਹ ਬਾਇ-ਲਾਅਜ਼ ਯਕੀਨੀ ਬਣਾਉਂਦੇ ਹਨ ਕਿ Mississauga ਵਿੱਚ ਦਰੱਖਤਾਂ ਦਾ ਜ਼ਿੰਮੇਵਾਰੀ ਨਾਲ ਪ੍ਰਬੰਧਨ ਕੀਤਾ ਜਾਵੇ।

ਰੁੱਖ ਕੱਟਣ ਤੋਂ ਪਹਿਲਾਂ ਜਾਂਚ ਕਰਨ ਨਾਲ ਤੁਸੀਂ ਸ਼ਹਿਰ ਦੇ ਸ਼ਹਿਰੀ ਜੰਗਲ ਦੀ ਰੱਖਿਆ ਕਰਨ ਦੇ ਨਾਲ-ਨਾਲ, ਜੁਰਮਾਨਿਆਂ, ਦੇਰੀਆਂ ਅਤੇ ਅਣਕਿਆਸੇ ਖਰਚਿਆਂ ਤੋਂ ਵੀ ਬਚ ਸਕਦੇ ਹੋ।

ਸਿਹਤਮੰਦ ਦਰੱਖਤ ਆਂਢ-ਗੁਆਂਢ ਦੀ ਸੁੰਦਰਤਾ ਵਧਾਉਣ ਤੋਂ ਇਲਾਵਾ ਹੋਰ ਵੀ ਕਈ ਮਹੱਤਵਪੂਰਨ ਲਾਭ ਪ੍ਰਦਾਨ ਕਰਦੇ ਹਨ। ਉਹ ਛਾਂ ਦਿੰਦੇ ਹਨ, ਹਵਾ ਦੀ ਗੁਣਵੱਤਾ ਵਿੱਚ ਸੁਧਾਰ ਕਰਦੇ ਹਨ, ਮੀਂਹ ਦੇ ਪਾਣੀ ਨੂੰ ਸੋਖਦੇ ਹਨ ਅਤੇ ਅਤਿਅੰਤ ਗਰਮੀ ਦੇ ਪ੍ਰਭਾਵਾਂ ਨੂੰ ਘਟਾਉਣ ਵਿੱਚ ਮਦਦ ਕਰਦੇ ਹਨ। ਜਿਵੇਂ-ਜਿਵੇਂ Mississauga ਵਿੱਚ ਗਰਮੀਆਂ ਵਿੱਚ ਤਾਪਮਾਨ ਬਹੁਤ ਵਧ ਰਿਹਾ ਹੈ ਅਤੇ ਮੌਸਮ ਹੋਰ ਵੀ ਤੀਬਰ ਹੁੰਦਾ ਜਾ ਰਿਹਾ ਹੈ, ਸ਼ਹਿਰੀ ਜੰਗਲ ਦੀ ਰੱਖਿਆ ਆਂਢ-ਗੁਆਂਢ ਨੂੰ ਵਧੇਰੇ ਠੰਢਾ, ਸਿਹਤਮੰਦ ਅਤੇ ਮੌਸਮੀ ਪ੍ਰਭਾਵਾਂ ਦਾ ਸਾਹਮਣਾ ਕਰਨ ਵਿੱਚ ਸਮਰੱਥ ਬਣਾਈ ਰੱਖਣ ਵਿੱਚ ਮਦਦ ਕਰਦੀ ਹੈ।

# ਦਰੱਖਤ ਹਟਾਉਣ ਤੋਂ ਪਹਿਲਾਂ ਜਾਣਨ ਵਾਲੀਆਂ ਪੰਜ ਗੱਲਾਂ

ਨਿੱਜੀ ਪ੍ਰਾਪਰਟੀਜ ਲਈ, ਜਿਸ ਵਿੱਚ ਰਿਹਾਇਸ਼ੀ, ਵਪਾਰਕ ਜਾਂ ਉਦਯੋਗਿਕ ਸਥਾਨ ਸ਼ਾਮਲ ਹਨ:

1. 15 ਸੈਂਟੀਮੀਟਰ ਜਾਂ ਇਸ ਤੋਂ ਵੱਡੇ ਵਿਆਸ ਵਾਲੇ ਸਾਰੇ ਦਰੱਖਤਾਂ ਲਈ ਇੱਕ ਪਰਮਿਟ ਦੀ ਲੋੜ ਹੁੰਦੀ ਹੈ।
   15 ਸੈਂਟੀਮੀਟਰ – ਇੱਕ ਪਾਸੇ ਵੱਲ ਫੜ੍ਹੇ ਹੋਏ ਸੈਲਫੋਨ ਦੀ ਲੰਬਾਈ ਦੇ ਬਰਾਬਰ – ਜਾਂ ਇਸ ਤੋਂ ਵੱਡੇ ਦਰੱਖਤਾਂ ਨੂੰ ਹਟਾਉਣ ਤੋਂ ਪਹਿਲਾਂ ਇੱਕ ਪਰਮਿਟ ਦੀ ਲੋੜ ਹੁੰਦੀ ਹੈ। ਇਸ ਵਿੱਚ ਕੋਈ ਵੀ ਅਜਿਹਾ ਕੰਮ ਸ਼ਾਮਲ ਹੈ, ਜੋ ਦਰੱਖਤ ਨੂੰ ਨੁਕਸਾਨ ਪਹੁੰਚਾ ਸਕਦਾ ਹੈ।



2. "ਦਰੱਖਤ ਨੂੰ ਨੁਕਸਾਨ" ਦਾ ਮਤਲਬ ਸਿਰਫ਼ ਉਸਨੂੰ ਕੱਟਣਾ ਹੀ ਨਹੀਂ ਹੈ।
   ਇਹ ਬਾਇ-ਲਾਅ ਹੇਠ ਲਿਖੀਆਂ ਗਤੀਵਿਧੀਆਂ ਨੂੰ ਦਰੱਖਤ ਦੇ ਨੁਕਸਾਨ ਜਾਂ ਤਬਾਹੀ ਵਜੋਂ ਦਰਸਾਉਂਦਾ ਹੈ:
   - ਜੜ੍ਹਾਂ ਦੇ ਨੇੜੇ ਖੋਦਣਾ ਜਾਂ ਪੱਧਰਾ ਕਰਨਾ।
   - ਭਾਰੀ ਉਪਕਰਣਾਂ, ਵਾਹਨਾਂ ਜਾਂ ਸਮੱਗਰੀ ਨਾਲ ਦਰੱਖਤ ਦੇ ਆਲੇ-ਦੁਆਲੇ ਦੀ ਮਿੱਟੀ ਨੂੰ ਦਬਾਉਣਾ।
   - ਦਰੱਖਤ ਸੁਰੱਖਿਆ ਜ਼ੋਨ ਦੇ ਅੰਦਰ ਸਮੱਗਰੀ ਰੱਖਣਾ।
   - ਨਿਰਮਾਣ-ਸਬੰਧੀ ਨੁਕਸਾਨ।
   - ਦਰੱਖਤ ਦੀ ਪਾਣੀ ਦੀ ਸਪਲਾਈ ਵਿੱਚ ਦਖਲਅੰਦਾਜ਼ੀ ਕਰਨਾ।
   - ਦਰੱਖਤ ਦੇ ਨੇੜੇ ਹਾਨੀਕਾਰਕ ਰਸਾਇਣ ਲਗਾਉਣਾ।

   ਦਰੱਖਤ ਦੇ ਨੇੜੇ ਡ੍ਰਾਈਵਵੇਅ, ਪੈਟਿਓ, ਪੂਲ, ਵਾੜ ਜਾਂ ਕੋਈ ਹੋਰ ਵਾਧੂ ਉਸਾਰੀ ਕਰਨਾ, ਸਾਰੇ ਅਜਿਹੇ ਕੰਮ ਹਨ, ਜਿਹਨਾਂ ਲਈ ਟ੍ਰੀ ਪਰਮਿਟ ਦੀ ਲੋੜ ਹੋ ਸਕਦੀ ਹੈ, ਇਸ ਲਈ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਪੁੱਛਣਾ ਜ਼ਰੂਰੀ ਹੈ।

3. ਬਿਲਕੁੱਲ ਸੁੱਕੇ ਹੋਏ ਜਾਂ ਸੁੱਕ ਰਹੇ ਦਰੱਖਤਾਂ ਨੂੰ ਹਟਾਉਣ ਲਈ ਵੀ ਪਰਮਿਟ ਦੀ ਲੋੜ ਹੁੰਦੀ ਹੈ।
   ਭਾਵੇਂ ਇੱਕ ਬਿਲਕੁੱਲ ਸੁੱਕੇ ਹੋਏ ਜਾਂ ਸੁੱਕ ਰਹੇ ਦਰੱਖਤ ਲਈ ਇੱਕ ਆਰਬੋਰਿਸਟ ਰਿਪੋਰਟ (ਦਰੱਖਤਾਂ ਦੇ ਮਾਹਰ ਵੱਲੋਂ ਬਣਾਈ ਗਈ ਰਿਪੋਰਟ) ਦੀ ਲੋੜ ਨਾ ਹੋਵੇ, ਫਿਰ ਵੀ ਇਸਨੂੰ ਹਟਾਉਣ ਤੋਂ ਪਹਿਲਾਂ ਇੱਕ ਪਰਮਿਟ ਦੀ ਲੋੜ ਹੁੰਦੀ ਹੈ।

4. ਬਾਊਂਡਰੀ ਦਰੱਖਤਾਂ ਲਈ ਤੁਹਾਡੇ ਗੁਆਂਢੀ ਦੀ ਸਹਿਮਤੀ ਦੀ ਲੋੜ ਹੁੰਦੀ ਹੈ।
   ਜੇਕਰ ਦਰੱਖਤ ਦੇ ਤਣੇ ਦਾ ਕੋਈ ਹਿੱਸਾ ਪ੍ਰਾਪਰਟੀ ਦੀ ਹੱਦ ਨੂੰ ਪਾਰ ਕਰਦਾ ਹੈ, ਤਾਂ ਇਸਨੂੰ ਬਾਊਂਡਰੀ ਦਰੱਖਤ ਮੰਨਿਆ ਜਾਂਦਾ ਹੈ। ਬਾਊਂਡਰੀ ਦਰੱਖਤ ਨੂੰ ਹਟਾਉਣ ਜਾਂ ਕੱਟਣ ਦੇ ਪਰਮਿਟ ਲਈ ਅਰਜ਼ੀ ਦੇਣ (apply for a permit) ਲਈ, ਤੁਹਾਨੂੰ ਪ੍ਰਭਾਵਿਤ ਗੁਆਂਢ ਦੀ ਪ੍ਰਾਪਰਟੀ ਦੇ ਮਾਲਕ ਤੋਂ ਲਿਖਤੀ ਸਹਿਮਤੀ ਲੈਣੀ ਲਾਜ਼ਮੀ ਹੈ।

5. ਰਿਪਲੇਸਮੈਂਟ ਵਜੋਂ ਲਗਾਏ ਗਏ ਦਰੱਖਤ ਵੀ ਸੁਰੱਖਿਅਤ ਕੀਤੇ ਹੁੰਦੇ ਹਨ।
   ਜੇਕਰ ਪਰਮਿਟ ਦੀ ਕਿਸੇ ਸ਼ਰਤ ਹੇਠ ਤੁਹਾਡੇ ਲਈ ਰਿਪਲੇਸਮੈਂਟ ਦਰੱਖਤ ਲਗਾਉਣਾ ਲਾਜ਼ਮੀ ਹੈ, ਤਾਂ ਉਹ ਦਰੱਖਤ ਵੀ ਸੁਰੱਖਿਅਤ ਕੀਤਾ ਹੋਇਆ ਹੁੰਦਾ ਹੈ। ਤੁਸੀਂ ਨਵਾਂ ਪਰਮਿਟ ਲਏ ਬਿਨਾਂ ਉਸਨੂੰ ਕੱਟ ਜਾਂ ਹਟਾ ਨਹੀਂ ਸਕਦੇ। ਰਿਪਲੇਸਮੈਂਟ ਵਜੋਂ ਲਗਾਏ ਗਏ ਦਰੱਖਤ Mississauga ਦੇ ਸੁਰੱਖਿਅਤ ਸ਼ਹਿਰੀ ਜੰਗਲ ਦਾ ਹਿੱਸਾ ਬਣ ਜਾਂਦੇ ਹਨ।



## ਕਿਸੇ ਦਰੱਖਤ ਦੇ ਨੇੜੇ ਕੰਮ ਕਰਨ ਵਾਲੇ ਠੇਕੇਦਾਰ

ਸ਼ਹਿਰ ਦੀ ਮਾਲਕੀ ਵਾਲੇ ਦਰੱਖਤਾਂ ਵਿੱਚ ਸ਼ਹਿਰ ਦੀਆਂ ਗਲੀਆਂ ਅਤੇ ਪਾਰਕਾਂ ਵਿੱਚ ਅਤੇ ਨੇੜੇ ਦੇ ਦਰੱਖਤ ਸ਼ਾਮਲ ਹਨ। ਬਾਇ-ਲਾਅਜ ਦੇ ਹੇਠ, ਉਹ ਹਮੇਸ਼ਾ ਸੁਰੱਖਿਅਤ ਕੀਤੇ ਹੋਏ ਹੁੰਦੇ ਹਨ।

ਦਰੱਖਤ ਦੇ ਨੇੜੇ ਖੁਦਾਈ ਕਰਨ, ਜ਼ਮੀਨ ਦਾ ਪੱਧਰ ਬਦਲਣ ਜਾਂ ਉਸਾਰੀ ਕਰਨ ਲਈ ਸ਼ਹਿਰ ਦੀ ਮਨਜ਼ੂਰੀ ਦੀ ਲੋੜ ਪੈ ਸਕਦੀ ਹੈ, ਭਾਵੇਂ ਤੁਸੀਂ ਦਰੱਖਤ ਨੂੰ ਹਟਾ ਨਹੀਂ ਰਹੇ ਹੋ। ਸ਼ਹਿਰ ਦੀ ਮਾਲਕੀ ਵਾਲੇ ਦਰੱਖਤਾਂ ਦੀ ਛਾਂਟੀ ਕਰਨ, ਉਹਨਾਂ ਦੀਆਂ ਜੜ੍ਹਾਂ ਦੇ ਨੇੜੇ ਖੁਦਾਈ ਜਾਂ ਹੋਰ ਕੰਮ ਕਰਨ, ਅਤੇ 15 ਸੈਂਟੀਮੀਟਰ ਜਾਂ ਇਸ ਤੋਂ ਵੱਧ ਵਿਆਸ ਵਾਲੇ ਕਿਸੇ ਵੀ ਨਿੱਜੀ ਦਰੱਖਤ ਨਾਲ ਅਜਿਹਾ ਕੰਮ ਕਰਨ ਲਈ, ਕੰਮ ਸ਼ੁਰੂ ਕਰਨ ਤੋਂ ਪਹਿਲਾਂ ਸ਼ਹਿਰ ਤੋਂ ਪਰਮਿਟ ਲੈਣਾ ਲਾਜ਼ਮੀ ਹੈ।

## ਤੁਸੀਂ ਅਰਜ਼ੀ ਦੇਣ ਤੋਂ ਬਾਅਦ ਕੀ ਹੁੰਦਾ ਹੈ?

ਸ਼ਹਿਰ ਹਰ ਅਰਜ਼ੀ ਦੀ ਸਮੀਖਿਆ ਕਰਦਾ ਹੈ ਅਤੇ ਇਹਨਾਂ ਗੱਲਾਂ 'ਤੇ ਵਿਚਾਰ ਕਰਦਾ ਹੈ:

- ਹਟਾਉਣ ਜਾਂ ਨੁਕਸਾਨ ਦੇ ਕਾਰਨ।

- ਦਰੱਖਤ ਦੀ ਹਾਲਤ, ਪ੍ਰਜਾਤੀ ਅਤੇ ਸਥਾਨ।
- ਵਿਕਾਸ ਸਬੰਧੀ ਪ੍ਰਸਤਾਵਾਂ ਨਾਲ ਸੰਭਾਵੀ ਟਕਰਾਅ।
- ਕੀ ਬਿਨਾਂ ਦਰੱਖਤ ਹਟਾਏ ਪ੍ਰਾਪਰਟੀ ਦੇ ਨੁਕਸਾਨ ਠੀਕ ਕੀਤਾ ਜਾ ਸਕਦਾ ਹੈ।
- ਸਾਰੇ ਦਰੱਖਤ 'ਤੇ ਇਸਦਾ ਪ੍ਰਭਾਵ, ਇਸ ਦੀਆਂ ਜੜ੍ਹਾਂ ਤੋਂ ਲੈ ਕੇ ਪੱਤਿਆਂ ਤੱਕ।

ਹਰ ਬੇਨਤੀ ਦੀ ਧਿਆਨ ਨਾਲ ਸਮੀਖਿਆ ਕੀਤੀ ਜਾਂਦੀ ਹੈ ਤਾਂ ਜੋ ਇਹ ਪਤਾ ਲੱਗ ਸਕੇ ਕਿ ਦਰੱਖਤ ਹਟਾਉਣਾ ਹੀ ਇਕੱਲਾ ਵਿਕਲਪ ਹੈ ਜਾਂ ਹੋਰ ਕੋਈ ਵਿਕਲਪ ਮੌਜੂਦ ਹਨ।

## ਇੱਕ ਝਟਪਟ ਚੈੱਕਲਿਸਟ

ਇੱਕ ਦਰੱਖਤ ਵਿੱਚ ਸਿਰਫ਼ ਬਾਹਰੀ ਦਿੱਖ ਤੋਂ ਵੱਧ ਚੀਜ਼ਾਂ ਹੁੰਦੀਆਂ ਹਨ। ਇਸਨੂੰ ਹਟਾਉਣ ਤੋਂ ਪਹਿਲਾਂ, ਆਪਣੇ ਆਪ ਨੂੰ ਪੁੱਛੋ:

- ਕੀ ਇਹ 15 ਸੈਂਟੀਮੀਟਰ (ਛੇ ਇੰਚ) ਜਾਂ ਵੱਡਾ ਹੈ?
- ਕੀ ਇਹ ਬਿਲਕੁੱਲ ਸੁੱਕਿਆ ਹੋਇਆ ਹੈ, ਸੁੱਕ ਰਿਹਾ ਹੈ, ਜਾਂ ਨੁਕਸਾਨ ਪਹੁੰਚਾ ਰਿਹਾ ਹੈ?
- ਕੀ ਦਰੱਖਤ ਪ੍ਰਾਪਰਟੀ ਦੀ ਹੱਦ 'ਤੇ ਜਾਂ ਇਸਦ ਨੇੜੇ ਹੈ?
- ਕੀ ਮੈਂ ਇਸਦੇ ਨੇੜੇ ਖੁਦਾਈ, ਇਸਨੂੰ ਪੱਧਰਾ ਜਾਂ ਉਸਾਰੀ ਕਰ ਰਿਹਾ ਹਾਂ?

## ਦਰੱਖਤਾਂ ਦੀ ਸੁਰੱਖਿਆ ਕਿਉਂ ਮਹੱਤਵਪੂਰਨ ਹੈ

Mississauga ਦੇ ਸ਼ਹਿਰੀ ਜੰਗਲ ਵਿੱਚ ਸਰਕਾਰੀ ਅਤੇ ਪ੍ਰਾਈਵੇਟ ਜ਼ਮੀਨਾਂ 'ਤੇ ਲਗਭਗ 2.1 ਮਿਲੀਅਨ ਦਰੱਖਤ ਹਨ। ਦਰੱਖਤ ਛਾਂ ਦਿੰਦੇ ਹਨ, ਸਾਡੀਆਂ ਸੜਕਾਂ ਨੂੰ ਠੰਢਾ ਕਰਦੇ ਹਨ, ਹਵਾ ਦੀ ਗੁਣਵੱਤਾ ਸੁਧਾਰਦੇ ਹਨ ਅਤੇ ਲੋਕਲ ਜੰਗਲੀ ਜੀਵਾਂ ਨੂੰ ਸਹਾਰਾ ਦਿੰਦੇ ਹਨ।

ਤੁਹਾਡੀ ਹਥੇਲੀ ਜਿੰਨਾ ਚੌੜਾ ਦਰੱਖਤ 12 ਤੋਂ 45 ਪੁਰਾਣਾ ਹੋ ਸਕਦਾ ਹੈ। ਇਹ ਤੁਹਾਡੇ ਘਰ ਤੋਂ ਵੀ ਪੁਰਾਣਾ ਹੋ ਸਕਦਾ ਹੈ। ਜਦੋਂ ਇੱਕ ਵੱਡਾ ਦਰੱਖਤ ਹਟਾ ਦਿੱਤਾ ਜਾਂਦਾ ਹੈ, ਤਾਂ ਇਸਦੇ ਲਾਭਾਂ ਨੂੰ ਮੁੜ ਪੂਰਾ ਕਰਨ ਵਿੱਚ ਦਹਾਕੇ ਲੱਗ ਸਕਦੇ ਹਨ।

ਦਰੱਖਤਾਂ ਦੀ ਸੁਰੱਖਿਆ, ਸ਼ਹਿਰ ਦੀ ਜਲਵਾਯੂ ਪਰਿਵਰਤਨ ਕਾਰਵਾਈ ਯੋਜਨਾ (Climate Change Action Plan) ਅਤੇ ਸ਼ਹਿਰੀ ਜੰਗਲ ਪ੍ਰਬੰਧਨ ਯੋਜਨਾ (Urban Forest Management Plan) ਦੀ ਵੀ ਹਿਮਾਇਤ ਕਰਦੀ ਹੈ, ਜਿਸਦਾ ਉਦੇਸ਼ ਭਵਿੱਖ ਦੀਆਂ ਪੀੜ੍ਹੀਆਂ ਲਈ ਸ਼ਹਿਰੀ ਜੰਗਲ ਦੀ ਰੱਖਿਆ ਕਰਨਾ, ਇਸਨੂੰ ਵਧਾਉਣਾ ਅਤੇ ਇਸਦਾ ਵਿਸਤਾਰ ਕਰਨਾ ਹੈ।

ਜੇਕਰ ਤੁਹਾਨੂੰ ਪੱਕਾ ਪਤਾ ਨਹੀਂ ਹੈ ਕਿ ਤੁਹਾਨੂੰ ਕੋਈ ਦਰੱਖਤ ਹਟਾਉਣਾ ਚਾਹੀਦਾ ਹੈ ਜਾਂ ਨਹੀਂ, ਤਾਂ ਪਹਿਲਾਂ ਸ਼ਹਿਰ ਨਾਲ ਸੰਪਰਕ ਕਰੋ। ਸ਼ੁਰੂਆਤ ਕਰਨ ਲਈ mississauga.ca/treepermits 'ਤੇ ਜਾਓ।